28-Oct-FZR-ABH-Pages.qxd 10/28/2025 9:33 PM Page 2

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **29 ਅਕਤੂਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ** ਅਤੇ **30 ਅਕਤੂਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਜਬਰਤੋੜ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ **29 ਅਕਤੂਬਰ** ਨੂੰ ਸ਼ਾਮ 5.00 ਤੋਂ 7.00 ਵਜੇ ਤੱਕ **ਭਾਈ ਦਵਿੰਦਰ ਸਿੰਘ**, ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਗੁਰਸੇਵਕ ਸਿੰਘ** ਤੇ **30 ਅਕਤੂਬਰ** ਨੂੰ ਸਵੇਰੇ 3.45 ਵਜੇ ਤੋਂ 7.45 ਵਜੇ ਤੱਕ **ਭਾਈ ਜਬਰਤੋੜ ਸਿੰਘ** ਤੇ **ਭਾਈ ਗੁਰਜਿੰਦਰ ਸਿੰਘ** ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.45 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ : 29 ਅਕਤੂਬਰ ਨੂੰ ਗਿਆਨੀ ਰਣਜੀਤ ਸਿੰਘ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਅਤੇ 30 ਅਕਤੂਬਰ ਨੂੰ ਬਾਬਾ ਬੰਤਾ ਸਿੰਘ ਮੁੰਡਾਪਿੰਡ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਰਮਿੰਦਰ ਸਿੰਘ ਆਂਵਲਾ ਨੂੰ ਮਿਲਦੇ ਹੋਏ ਖਾਟੂ ਸ਼ਾਮ ਮੰਦਿਰ ਸੋਸਾਇਟੀ ਦੇ ਪ੍ਰਧਾਨ ਅਤੇ ਮੈਂਬਰ। ਤਸਵੀਰ-ਕਪਿਲ ਕੰਧਾਰੀ

ਰਮਿੰਦਰ ਆਂਵਲਾ ਨਿਸ਼ਾਨ ਯਾਤਰਾ ਮੌਕੇ ਹੋਣਗੇ ਮੁੱਖ ਮਹਿਮਾਨ-ਪ੍ਰਧਾਨ ਰਾਮ ਨਰੂਲਾ

ਗੁਰੂਹਰਸਹਾਏ, 28 ਅਕਤੂਬਰ (ਕੰਧਾਰੀ)-ਬਾਬਾ ਖਾਟੂ ਸ਼ਾਮ ਦੇ ਜਨਮ ਉਤਸਵ ਨੂੰ ਮੁੱਖ ਰੱਖਦਿਆਂ ਖਾਟੂ ਸ਼ਾਮ ਮੰਦਿਰ ਸੋਸਾਇਟੀ ਵਲੋਂ ਦੂਜੀ ਵਿਸ਼ਾਲ ਨਿਸ਼ਾਨ ਯਾਤਰਾ ਖਾਟੂ ਸ਼ਾਮ ਮੰਦਿਰ ਸੋਸਾਇਟੀ ਦੇ ਪ੍ਰਧਾਨ ਰਾਮ ਨਰੂਲਾ ਅਤੇ ਸਮੂਹ ਮੈਂਬਰਾਂ ਦੀ ਅਗਵਾਈ ਹੇਠ 31 ਅਕਤੂਬਰ ਨੂੰ ਦੁਪਹਿਰ 3 ਵਜੇ ਖਾਟੂ ਸ਼ਾਮ ਮੰਦਿਰ ਆਦਰਸ਼ ਨਗਰ ਗੁਰੂਹਰਸਹਾਏ ਤੋਂ ਕੱਢੀ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਖਾਟੂ ਸ਼ਾਮ ਮੰਦਿਰ ਸੋਸਾਇਟੀ ਦੇ ਪ੍ਰਧਾਨ ਰਾਮ ਨਰੂਲਾ, ਵਾਈਸ ਪ੍ਰਧਾਨ ਸੁਰਿੰਦਰ ਕੁਮਾਰ, ਜਨਰਲ ਸਕੱਤਰ ਕੁਲਦੀਪ ਸ਼ਰਮਾ, ਖ਼ਜ਼ਾਨਚੀ ਸੰਦੀਪ ਕੁਮਾਰ, ਵਰੁਣ ਗਾਵੜੀ, ਸ਼ਨੀ ਚੁੱਘ, ਅਜੇ, ਕਰਨ, ਅਰਜਨ, ਸਾਜਨ, ਕਰਨ, ਪ੍ਰਥਮ ਆਦਿ ਨੇ ਦੱਸਿਆ ਕਿ ਬਾਬਾ ਖਾਟੂ ਸ਼ਾਮ ਦੇ ਜਨਮ ਉਤਸਵ ਦੀ ਖ਼ੁਸ਼ੀ ਵਿਚ ਬਾਬਾ ਖਾਟੂ ਸ਼ਾਮ ਮੰਦਿਰ ਤੋਂ ਦੂਸਰੀ ਵਿਸ਼ਾਲ ਨਿਸ਼ਾਨ ਯਾਤਰਾ 31 ਅਕਤੂਬਰ ਦੁਪਹਿਰ 3 ਵਜੇ ਕੱਢੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਨਿਸ਼ਾਨ ਯਾਤਰਾ ਮੌਕੇ ਮੁੱਖ ਮਹਿਮਾਨ ਵਜੋਂ ਰਮਿੰਦਰ ਸਿੰਘ ਆਂਵਲਾ ਸਾਬਕਾ ਵਿਧਾਇਕ ਜਲਾਲਾਬਾਦ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ ਅਤੇ ਇਹ ਵਿਸ਼ਾਲ ਯਾਤਰਾ ਬਾਬਾ ਖਾਟੂ ਸ਼ਾਮ ਮੰਦਿਰ ਤੋਂ ਸ਼ੁਰੂ ਹੋਕੇ ਸ਼ਹਿਰ ਦੇ ਵੱਖ-ਵੱਖ ਮੰਦਿਰਾ ਤੋਂ ਹੁੰਦੇ ਹੋਏ ਵਾਪਸ ਬਾਬਾ ਖਾਟੂ ਸ਼ਾਮ ਮੰਦਿਰ ਵਿਖੇ ਆ ਕੇ ਸੰਪੂਰਨ ਹੋਵੇਗੀ। ਉਸ ਤੋਂ ਬਾਅਦ 1 ਨਵੰਬਰ ਦਿਨ ਸ਼ਨੀਵਾਰ ਰਾਤ ਨੂੰ 8 ਵਜੇ ਮੰਦਿਰ ਵਿਖੇ ਜਾਗਰਨ ਕਰਵਾਇਆ ਜਾਵੇਗਾ। ਜਿਸ ਵਿਚ ਸੁੰਦਰ ਭਜਨਾਂ ਦਾ ਗੁਣਗੁਣ ਕਰਨ ਦੇ ਲਈ ਦਿੱਲੀ ਦਵਾਰਕਾ ਤੋਂ ਭਜਨ ਗਾਇਕ ਸਾਹਿਲ ਸ਼ਰਮਾ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਰਾਤ ਨੂੰ 12 ਵਜੇ ਕੇਕ ਵੀ ਕੱਟਿਆ ਜਾਵੇਗਾ ਅਤੇ ਸੰਗਤ ਲਈ ਅਟੂੱਟ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਸਾਰੇ ਪ੍ਰੋਗਰਾਮ ਲਈ ਅੱਜ ਖਾਟੂ ਸ਼ਾਮ ਮੰਦਿਰ ਸੋਸਾਇਟੀ ਦੇ ਪ੍ਰਧਾਨ ਰਾਮ ਨਰੂਲਾ ਦੀ ਅਗਵਾਈ ਹੇਠ ਰਮਿੰਦਰ ਸਿੰਘ ਆਂਵਲਾ, ਪਵਨ ਗੁਪਤਾ, ਅਰਾਨ ਦੁੱਗਲ, ਅਨਿਲ ਹਾਂਡਾ, ਸੁਮਿਤ ਆਂਵਲਾ ਆਦਿ ਹਾਜ਼ਰ ਸਨ

ਜਨਮ ਦਿਨ ਮੁਬਾਰਕ

ਜਗਰੂਪ ਸਿੰਘ
ਪਿਤਾ -ਸੁਖਚੈਨ ਸਿੰਘ
ਮਾਤਾ -ਸੀਮਾ ਰਾਣੀ
ਪਤਾ-ਮੱਖੂ (ਵਿਝੋਕੇ)

ਮਨਸੀਰਤ ਕੌਰ ਸੰਧੂ
ਪਿਤਾ: ਦਵਿੰਦਰ ਸਿੰਘ
ਮਾਤਾ: ਕੰਵਲਜੀਤ ਕੌਰ
ਵਾਸੀ: ਮੱਲਾਂ ਵਾਲਾ
ਜ਼ਿਲ੍ਹਾ ਫਿਰੋਜ਼ਪੁਰ

ਵਿਦਿਆਰਥੀਆ ਨੂੰ ਸਾਕਾ ਪੰਜਾ ਸਾਹਿਬ ਦੇ ਇਤਿਹਾਸ ਸੰਬੰਧੀ ਜਾਣੂ ਕਰਵਾਉਂਦੇ ਹੋਏ ਅਧਿਆਪਕ ਅਤੇ ਅਰਦਾਸ ਕਰਦੇ ਹੋਏ ਵਿਦਿਆਰਥੀ। ਤਸਵੀਰ-ਕਪਿਲ ਕੰਧਾਰੀ

ਮਾਤਾ ਸਾਹਿਬ ਕੌਰ ਸਕੂਲ ਵਿਖੇ ਸਾਕਾ ਪੰਜਾ ਸਾਹਿਬ ਦੇ ਸ਼ਹੀਦਾਂ ਨੂੰ ਕੀਤਾ ਪ੍ਰਣਾਮ

ਗੁਰੂਹਰਸਹਾਏ, 28 ਅਕਤੂਬਰ (ਕਪਿਲ ਕੰਧਾਰੀ)-ਸਥਾਨਕ ਸ਼ਹਿਰ ਦੇ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਸਾਕਾ ਪੰਜਾ ਸਾਹਿਬ ਦੇ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਦੇਣ ਦੇ ਲਈ ਸਕੂਲ ਪ੍ਰਿੰਸੀਪਲ ਵੰਦਨਾ ਧਵਨ ਦੀ ਅਗਵਾਈ ਹੇਠ ਇਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਵੰਦਨਾ ਧਵਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਸਾਕਾ ਪੰਜਾ ਸਾਹਿਬ ਦਾ ਇਤਿਹਾਸ ਸਾਨੂੰ ਦੱਸਦਾ ਹੈ ਕਿ ਧਰਮ ਅਤੇ ਨਿਆਂ ਦੀ ਰੱਖਿਆ ਲਈ ਕਿਵੇਂ ਸਰਵਉੱਚ ਕੁਰਬਾਨੀ ਦਿੱਤੀ ਗਈ। ਉਨ੍ਹਾਂ ਸਾਨੂੰ ਅਜਿਹੇ ਪ੍ਰੇਰਣਾਦਾਇਕ ਇਤਿਹਾਸ ਨਾਲ ਜੁੜ ਕੇ ਸੇਵਾ ਅਤੇ ਬਹਾਦਰੀ ਦੇ ਸੰਸਕਾਰੀ ਹੋਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦੇ ਧਰਮ ਸਿੱਖਿਆ ਅਧਿਆਪਕ ਮੰਗਲ ਸਿੰਘ ਨੇ ਵੀ ਇਸ ਦੇ ਇਤਿਹਾਸ ਸੰਬੰਧੀ ਇਕ ਵਿਸਥਾਰਪੂਰਵਕ ਭਾਸ਼ਣ ਦਿੱਤਾ ਉਨ੍ਹਾਂ ਨੇ ਸਾਕਾ ਪੰਜਾ ਸਾਹਿਬ ਦੇ ਇਤਿਹਾਸ ਮਹੱਤਵ ਅਤੇ ਸਹੀਦਾ ਦੁਆਰਾ ਪ੍ਰਦਰਸ਼ਿਤ ਸੇਵਾ ਅਤੇ ਕੁਰਬਾਨੀ ਦੀ ਭਾਵਨਾ 'ਤੇ ਚਾਨਣਾ ਪਾਇਆ ਉਨ੍ਹਾਂ ਬੱਚਿਆ ਨੂੰ ਇਸ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਵਿਚ ਨਿਡਰਤਾ ਅਤੇ ਧਾਰਮਿਕ ਕਦਰਾਂ ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਮਹੀਪਾਲ ਸਿੰਘ ਅਤੇ ਮੈਨੇਜਰ ਹਰਬੀਰ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਸਾਡੀ ਅਨਮੋਲ ਵਿਰਾਸਤ ਹੈ। ਇਸ ਮੌਕੇ ਕੋਆਰਡੀਨੇਟਰ ਅਭੈ ਬਜਾਜ, ਸੰਦੀਪ ਅਤੇ ਰਚਨਾ ਮੌਂਗਾ ਨੇ ਵਿਦਿਆਰਥੀਆ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਜੰਮੂ ਦੇ ਨੇਤਰਹੀਣ ਮਨਪ੍ਰੀਤ ਨੇ ਐੱਸ. ਬੀ. ਆਈ. ਵਿਚ ਭਰਤੀ ਹੋਣ ਦਾ ਮਾਣ ਹਾਸਲ ਕੀਤਾ

ਫ਼ਿਰੋਜ਼ਪੁਰ, 28 ਅਕਤੂਬਰ (ਰਾਕੇਸ਼ ਚਾਵਲਾ)-ਜੰਮੂ ਦੇ ਨੇਤਰਹੀਣ ਵਿਅਕਤੀ ਮਨਪ੍ਰੀਤ ਸਿੰਘ ਚੌਧਰੀ ਨੇ

ਫਿਰੋਜ਼ਪੁਰ ਦੇ ਬਲਾਈਂਡ ਹੋਮ ਨੂੰ ਦਿੱਤਾ ਸਿਹਰਾ

ਬੈਂਕ ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਸਫਲਤਾਪੂਰਵਕ ਪਾਸ ਕਰਨ ਤੋਂ ਬਾਅਦ ਸਟੇਟ ਬੈਂਕ ਆਫ਼ ਇੰਡੀਆ (ਐੱਸ.ਬੀ.ਆਈ) ਦੀ ਪਠਾਨਕੋਟ ਸ਼ਾਖਾ ਵਿਚ ਸ਼ਾਮਲ ਹੋ ਕੇ ਇਕ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕੀਤਾ ਹੈ। ਚੌਧਰੀ ਜੋ ਮਾਈਕ੍ਰੋ-ਕੋਰਨੀਆ ਤੋਂ ਪੀੜਤ ਹੈ, ਇਕ ਅਜਿਹੀ ਸਥਿਤੀ ਜੋ ਸਮੇਂ ਦੇ ਨਾਲ ਉਸ ਦੀ ਨਜ਼ਰ ਨੂੰ ਹੌਲੀ-ਹੌਲੀ ਵਿਗੜਦੀ ਗਈ, ਨੇ ਦ੍ਰਿੜ੍ਹਤਾ ਅਤੇ ਦ੍ਰਿੜ੍ਹਤਾ ਦੀ ਆਪਣੀ ਪ੍ਰੇਰਨਾਦਾਇਕ ਯਾਤਰਾ ਸਾਂਝੀ ਕੀਤੀ। ਚੌਧਰੀ ਨੇ ਫ਼ਿਰੋਜ਼ਪੁਰ ਦੇ ਹੋਮ ਫ਼ਾਰ ਦਿ ਬਲਾਈਂਡ ਵਿਚ ਰਹਿੰਦਿਆਂ ਇਕ ਸਥਾਨਕ ਪ੍ਰਾਈਵੇਟ ਕਾਲਜ ਤੋਂ ਗਰੈਜੂਏਸ਼ਨ ਕਰਨ ਤੋਂ ਪਹਿਲਾਂ ਦਿੱਲੀ ਵਿਚ ਸੀ.ਬੀ.ਐੱਸ.ਈ ਰਾਹੀਂ ਆਪਣੀ 10ਵੀਂ ਅਤੇ 12ਵੀਂ ਜਮਾਤ ਪੂਰੀ ਕੀਤੀ। ਆਪਣੀ ਯਾਤਰਾ 'ਤੇ ਵਿਚਾਰ ਕਰਦੇ ਹੋਏ, ਉਸ ਨੇ ਕਿਹਾ ਸ਼ੁਰੂ ਵਿਚ ਮੇਰੀ ਨਜ਼ਰ ਬਹੁਤ ਘੱਟ ਸੀ, ਜੋ ਮਾਈਕ੍ਰੋ-ਕੋਰਨੀਆ ਕਾਰਨ ਹੋਰ ਵੀ ਵਿਗੜ ਗਈ। ਹਾਲਾਂਕਿ ਮੈਂ ਸਬਰ ਨਹੀਂ ਹਾਰਿਆ ਅਤੇ ਨੇਤਰਹੀਣ ਵਿਅਕਤੀਆਂ ਲਈ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਉਪਲਬਧ ਤਕਨਾਲੋਜੀ ਨੂੰ ਅਪਣਾਇਆ। ਉਸ ਨੇ 27 ਫਰਵਰੀ ਨੂੰ ਐੱਸ.ਬੀ.ਆਈ ਦੀ ਮੁੱਢਲੀ ਪ੍ਰੀਖਿਆ ਅਤੇ 10 ਅਪ੍ਰੈਲ ਨੂੰ ਮੁੱਖ ਪ੍ਰੀਖਿਆ ਦਿੱਤੀ, ਪੰਜਾਬ ਵਿਚ ਪੋਸਟਿੰਗ ਦੀ ਚੋਣ ਕੀਤੀ। ਉਸ ਦੇ ਯਤਨ ਰੰਗ ਲਿਆਏ, ਉਸ ਨੂੰ ਪਠਾਨਕੋਟ ਵਿਚ ਐੱਸ.ਬੀ.ਆਈ ਸ਼ਾਖਾ ਵਿਚ ਇਕ ਅਹੁਦਾ ਮਿਲਿਆ। ਫਿਰੋਜ਼ਪੁਰ ਵਿਚ ਹੋਮ ਫ਼ਾਰ ਦਿ ਬਲਾਇੰਡ ਦੀ ਹਾਲ ਹੀ ਵਿਚ ਹੋਈ ਫੇਰੀ ਦੌਰਾਨ ਚੌਧਰੀ ਨੇ ਆਪਣੇ ਅੱਠ ਸਾਲਾਂ ਦੇ ਠਹਿਰਨ ਦੌਰਾਨ ਮੁਫ਼ਤ ਰਿਹਾਇਸ਼ ਅਤੇ ਬੋਰਡਿੰਗ ਪ੍ਰਦਾਨ ਕਰਨ ਲਈ ਪ੍ਰਬੰਧਨ ਦਾ ਧੰਨਵਾਦ ਕੀਤਾ। ਜਿਸ ਨਾਲ ਉਹ ਆਪਣੀ ਗਰੈਜੂਏਸ਼ਨ ਪੂਰੀ ਕਰ ਸਕਿਆ। ਹੋਮ ਫ਼ਾਰ ਦਿ ਬਲਾਇੰਡ ਦੇ ਸਕੱਤਰ ਅਸ਼ਵਨੀ ਸ਼ਰਮਾ ਨੇ ਚੌਧਰੀ ਨੂੰ ਉਸ ਦੀ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਉਸ ਦੀ ਨਵੀਂ ਭੂਮਿਕਾ ਵਿਚ ਸਫਲਤਾ ਦੀ ਕਾਮਨਾ ਕੀਤੀ। ਜਦੋਂ ਹੋਰ ਨੇਤਰਹੀਣ ਵਿਅਕਤੀਆਂ ਨੂੰ ਸੁਨੇਹਾ ਦੇਣ ਲਈ ਕਿਹਾ ਗਿਆ, ਤਾਂ ਚੌਧਰੀ ਨੇ ਸਲਾਹ ਦਿੱਤੀ ਨੇਤਰਹੀਣ ਵਿਅਕਤੀਆਂ ਨੂੰ ਹੋਮ ਫ਼ਾਰ ਦਿ ਬਲਾਇੰਡ ਵਰਗੀਆਂ ਸੰਸਥਾਵਾਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਗਤੀਸ਼ੀਲਤਾ ਅਤੇ ਵੱਖ-ਵੱਖ ਹੁਨਰ ਸਿੱਖਣੇ ਚਾਹੀਦੇ ਹਨ ਅਤੇ ਇਕ ਆਰਾਮਦਾਇਕ ਜੀਵਨ ਲਈ ਸਰਕਾਰੀ ਜਾਂ ਨਿੱਜੀ ਖੇਤਰ ਦੀਆਂ ਪ੍ਰੀਖਿਆਵਾਂ ਵਿਚ ਮੁਕਾਬਲਾ ਕਰਨ ਲਈ ਆਪਣੀਆਂ ਯੋਗਤਾਵਾਂ ਵਿਚ ਸੁਧਾਰ ਕਰਨਾ ਚਾਹੀਦਾ ਹੈ।

ਜੰਮੂ ਦਾ ਨੇਤਰਹੀਣ ਮਨਪ੍ਰੀਤ ਐੱਸ.ਬੀ.ਆਈ ਵਿਚ ਨੌਕਰੀ ਕਰਦਾ ਹੋਇਆ। ਅਜੀਤ ਤਸਵੀਰ

ਐੱਸ.ਬੀ.ਐੱਸ. ਸਟੇਟ ਯੂਨੀਵਰਸਿਟੀ ਦੇ ਉਪ ਕੁਲਪਤੀ ਵਲੋਂ ਕੈਂਪਸ ਰਜਿਸਟਰਾਰ ਅਤੇ ਸਹਾਇਕ ਰਜਿਸਟਰਾਰ ਸਨਮਾਨਿਤ

ਫ਼ਿਰੋਜ਼ਪੁਰ, 28 ਅਕਤੂਬਰ (ਗੁਰਿੰਦਰ ਸਿੰਘ)-ਸਥਾਨਕ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਦੇ ਲੇਖਾ ਸ਼ਾਖਾ ਨਾਲ ਸੰਬੰਧਿਤ ਇਨਕਮ ਟੈਕਸ ਰਕਮ ਦੀ ਕੀਤੀ ਗਈ ਲਗ-ਪਗ ਕਰੀਬ 3 ਕਰੋੜ ਰੁਪਏ ਦੀ ਸੈਟਲਮੈਂਟ ਲਈ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਸੁਸ਼ੀਲ ਮਿੱਤਲ ਵਲੋਂ ਕੈਂਪਸ ਰਜਿਸਟਰਾਰ ਡਾ. ਗਜ਼ਲਪ੍ਰੀਤ ਸਿੰਘ, ਅਸਿਸਟੈਂਟ ਰਜਿਸਟਰਾਰ ਅਸ਼ੋਕ ਕੁਮਾਰ ਅਤੇ ਉਨ੍ਹਾਂ ਦੀ ਟੀਮ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਜਾਣਕਾਰੀ ਦਿੰਦਿਆਂ ਰਜਿਸਟਰਾਰ ਡਾ. ਗ਼ਜ਼ਲ ਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਰਕਮ ਟੈਕਸ ਦੇ ਰੂਪ 'ਚ 2011 ਅਤੇ 2012 ਸਾਲ ਲਈ ਇਨਕਮ ਟੈਕਸ ਵਿਭਾਗ ਵਲੋਂ ਯੂਨੀਵਰਸਿਟੀ ਤੋਂ ਕਲੇਮ ਕੀਤਾ ਗਿਆ ਸੀ। ਇਸ 'ਤੇ ਉਨ੍ਹਾਂ ਏ.ਆਰ ਅਸ਼ੋਕ ਕੁਮਾਰ ਅਤੇ ਟੀਮ ਵਲੋਂ ਸਾਰੇ ਕੇਸ ਨੂੰ ਘੋਖਦਿਆਂ ਇਕ ਲੰਬੀ ਚੌੜੀ ਪ੍ਰਕਿਰਿਆ ਰਾਹੀ ਇਸ ਕੇਸ ਨੂੰ ਡੀ.ਫ਼ੈਂਸ ਕਰਦਿਆਂ ਯੂਨੀਵਰਸਿਟੀ ਦੇ ਹੱਕ ਵਿਚ ਸੈਟਲਮੈਂਟ ਕਰਵਾਇਆ ਗਿਆ ਹੈ। ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਦੇ ਕੇਸ ਸੰਬੰਧੀ ਭਾਰਤ ਸਰਕਾਰ ਦੇ ਆਮਦਨ ਕਰ ਵਿਭਾਗ ਵਲੋਂ ਨਿਰਧਾਰਨ ਸਾਲ 2011-12 ਲਈ ਜਾਰੀ ਕੀਤਾ ਗਿਆ ਇਕ ਨਿਰਧਾਰਨ ਆਦੇਸ਼ ਸੀ। ਯੂਨੀਵਰਸਿਟੀ ਨੇ ਨਿਰਧਾਰਨ ਸਾਲ 2011-12 ਲਈ ਆਪਣੀ ਰਿਟਰਨ ਦਾਖਲ ਨਹੀਂ ਕੀਤੀ ਸੀ। ਰਿਕਾਰਡ 'ਤੇ ਉਪਲਬਧ ਜਾਣਕਾਰੀ ਅਨੁਸਾਰ, ਇਸ ਕੇਸ ਨੂੰ ਆਮਦਨ ਕਰ ਐਕਟ ਦੀ ਧਾਰਾ 147 ਅਧੀਨ ਦੁਬਾਰਾ ਖੋਲ੍ਹਿਆ ਗਿਆ। ਉਨ੍ਹਾਂ ਦੱਸਿਆ ਕਿ ਮੁੱਢਲਾ ਨਿਰਧਾਰਨ 22 ਅਕਤੂਬਰ 2018 ਨੂੰ ਪੂਰਾ ਕੀਤਾ ਗਿਆ ਸੀ ਅਤੇ ਬਾਅਦ ਵਿਚ 23 ਅਗਸਤ 2023 ਨੂੰ ਸੰਸ਼ੋਧਿਤ ਕੀਤਾ ਗਿਆ ਅਤੇ ਕੁੱਲ ਆਮਦਨ 4,94,83,700 ਰੁਪਏ ਨਿਰਧਾਰਿਤ ਕੀਤੀ ਗਈ ਸੀ, ਕਿਉਂਕਿ ਐਕਟ ਦੀ ਧਾਰਾ 10 (23ਸੀ) (ਏਬੀ) ਅਧੀਨ ਛੋਟ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਸੀ। ਇਸ ਲਈ ਯੂਨੀਵਰਸਿਟੀ ਵਲੋਂ ਆਮਦਨ ਕਰ ਕਮਿਸ਼ਨਰ (ਅਪੀਲ) ਅੱਗੇ ਅਪੀਲ ਦਾਇਰ ਕੀਤੀ। ਆਮਦਨ ਕਰ ਕਮਿਸ਼ਨਰ (ਅਪੀਲ) ਨੇ ਮਿਤੀ 26.03.2025 ਦੇ ਇਕ ਆਦੇਸ਼ ਰਾਹੀਂ ਪਹਿਲਾਂ ਨਿਰਧਾਰਨ ਆਦੇਸ਼ ਨੂੰ ਰੱਦ ਕਰ ਦਿੱਤਾ ਅਤੇ ਮਾਮਲੇ ਨੂੰ ਮੁੜ ਨਿਰਧਾਰਨ ਲਈ ਅਸੈਸਿੰਗ ਅਫ਼ਸਰ ਨੂੰ ਭੇਜ ਦਿੱਤਾ। ਮਾਮਲਾ ਬਹਾਲ ਹੋਣ ਤੋਂ ਬਾਅਦ, ਅਸੈਸਿੰਗ ਅਫ਼ਸਰ ਨੇ ਯੂਨੀਵਰਸਿਟੀ ਦੀਆਂ ਪੇਸ਼ ਕੀਤੀਆਂ ਗਈਆਂ ਦਲੀਲਾਂ ਦੀ ਸਮੀਖਿਆ ਕੀਤੀ। ਯੂਨੀਵਰਸਿਟੀ ਦੀਆਂ ਮੁੱਖ ਦਲੀਲਾਂ, ਜਿਨ੍ਹਾਂ ਨੂੰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ ਦੇ ਪ੍ਰਮੁੱਖ ਸਕੱਤਰ ਦੇ ਇਕ ਪੱਤਰ ਦੁਆਰਾ ਸਮਰਥਿਤ ਕਿ ਸੰਸਥਾ ਪੰਜਾਬ ਸਰਕਾਰ ਦੁਆਰਾ 100 ਪ੍ਰਤੀਸ਼ਤ ਵਿੱਤ ਪ੍ਰਾਪਤ, ਪੂਰੀ ਤਰ੍ਹਾਂ ਮਾਲਕੀ ਵਾਲੀ ਅਤੇ ਨਿਯੰਤਰਿਤ ਹੈ ਅਤੇ ਯੂਨੀਵਰਸਿਟੀ ਦੁਆਰਾ ਉਤਪੰਨ ਕੀਤੀ ਗਈ ਆਮਦਨ (ਮੁੱਖ ਤੌਰ 'ਤੇ ਵਿਦਿਆਰਥੀ ਫ਼ੀਸਾਂ) ਪੰਜਾਬ ਸਰਕਾਰ ਦੇ ਇਕਸਾਰ ਫ਼ੰਡ ਨਾਲ ਸੰਬੰਧਿਤ ਹੋਣ ਕਾਰਨ ਸਰਕਾਰ ਨੇ ਸੰਸਥਾ ਦੇ ਉਦੇਸ਼ਾਂ ਦੀ ਪੂਰਤੀ ਲਈ ਇਸ ਆਮਦਨ ਨੂੰ ਰੱਖਣ ਦੀ ਇਜਾਜ਼ਤ ਦਿੱਤੀ ਹੈ, ਜਿਸ ਨੂੰ ਸਾਲਾਨਾ ਗਰਾਂਟ ਵਜੋਂ ਮੰਨਿਆ ਜਾਂਦਾ ਹ